# ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਮਾਨਸਾ

## ਮਿਤੀਬੱਧ ਅਤੀ ਜ਼ਰੂਰੀ

ਵੱਲ :-

ਸਮੂਹ ਕਲੱਸਟਰ ਮੁੱਖੀ

ਜ਼ਿਲ੍ਹਾ ਮਾਨਸਾ ।

06 ਦਸੰਬਰ, 2016

ਪੱਤਰ ਨੰਬਰ :- ਜਿ ਮ ਮ/2016/6749 ਮਿਤੀ 6.12.16

**ਵਿਸ਼ਾ :- ਵਿਸ਼ਵ ਊਰਜਾ ਦਿਵਸ 'ਤੇ ਪਰਖ-2 ਮਾਨਸਾ,14 ਦਸੰਬਰ ਸਬੰਧੀ।**

ਤਲਵੰਡੀ ਸਾਬੋ ਪਾਵਰ ਲਿਮਟਿਡ ਬਣਾਂਵਾਲੀ ਵੱਲੋਂ ਸਿੱਖਿਆ ਵਿਭਾਗ ਪੰਜਾਬ ਦੇ ਸਹਿਯੋਗ ਨਾਲ 14 ਦਸੰਬਰ ਨੂੰ ਗਊਸ਼ਾਲਾ ਭਵਨ ਮਾਨਸਾ ਵਿਖੇ ਸਰਕਾਰੀ ਸਕੂਲਾਂ ਦੇ ਬੱਚਿਆਂ ਦੀ ਪ੍ਰਤਿਭਾ ਖੋਜਣ ਲਈ "ਪਰਖ-2 ਮਾਨਸਾ ਦਾ ਲਿਖਤੀ ਮੁਕਾਬਲਾ ਕਰਵਾਇਆ ਜਾ ਰਿਹਾ ਹੈ।ਇਸ ਮੁਕਾਬਲੇ ਲਈ ਮਿਡਲ/ਹਾਈ/ਸੈਕੰਡਰੀ ਤਿੰਨ ਵਰਗਾਂ ਤਹਿਤ ਟੀਮ ਆਧਾਰਿਤ 50 ਨੰਬਰ ਦਾ ਬਹੁ-ਵਿਕਲਪੀ ਲਿਖਤੀ ਪੇਪਰ ਲਿਆ ਜਾਵੇਗਾ ਜਿਸ ਵਿੱਚ 10 ਨੰਬਰ ਆਮ ਗਿਆਨ ਦੇ ਹੋਣਗੇ ਅਤੇ 40 ਨੰਬਰ ਊਰਜਾ ਅਤੇ ਕੰਮ, ਊਰਜਾ ਤੇ ਵਾਤਵਰਣ , ਊਰਜਾ ਸਬੰਧੀ ਸਰਕਾਰੀ ਯਤਨ ਆਦਿ ਦੇ ਬਾਰੇ ਹੋਣਗੇ । ਜ਼ਿਆਦਾਤਰ ਪ੍ਰਸ਼ਨ ਟੀਮ ਨਾਲ ਸਬੰਧਿਤ ਵਰਗਾਂ ਦੀਆਂ ਜਮਾਤਾਂ ਦੇ ਹਰ ਪਾਠਕ੍ਰਮ ਚੋਂ ਲਏ ਜਾਣਗੇ।ਟੀਮ 'ਚ ਦੋ ਵਿਦਿਆਰਥੀ ਹੋਣਗੇ ਅਤੇ ਇੱਕ ਜਮਾਤ ਦੇ ਦੋ ਵਿਦਿਆਰਥੀ ਹਿੱਸਾ ਨਹੀਂ ਲੈ ਸਕਣਗੇ।ਪਹਿਲੇ ,ਦੂਜੇ ਅਤੇ ਤੀਸਰੇ ਸਥਾਨ 'ਤੇ ਰਹਿਣ ਵਾਲੀਆਂ ਟੀਮਾਂ ਨੂੰ ਕ੍ਰਮਵਾਰ 3000 ਰੁ: ,2500 ਰੁ: ਅਤੇ 2000 ਰੁ: ਦੇ ਇਨਾਮ ਅਤੇ ਮੈਡਲ ਦਿੱਤੇ ਜਾਣਗੇ।ਸਾਰੇ ਪ੍ਰਤੀਭਾਗੀਆਂ ਨੂੰ ਸਰਟੀਫਿਕੇਟ ਵੀ ਦਿੱਤੇ ਜਾਣਗੇ।ਇਸ ਪ੍ਰੀਖਿਆ ਸਬੰਧੀ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ) ਮਾਨਸਾ ਦੀ ਵੈੱਬ ਸਾਈਟ 'ਤੇ ਵਿਸਤ੍ਰਿਤ ਜਾਣਕਾਰੀ ਅਪਲੋਡ ਕਰ ਦਿੱਤੀ ਗਈ ਹੈ।ਮਾਨਯੋਗ ਡਿਪਟੀ ਕਮਿਸ਼ਨਰ ਮਾਨਸਾ ਸ਼੍ਰੀ ਵਰਿੰਦਰ ਕੁਮਾਰ ਸ਼ਰਮਾਂ ਜੀ ਦੁਆਰਾ ਜੇਤੂ ਬੱਚਿਆਂ ਦਾ ਸਨਮਾਨ ਕੀਤਾ ਜਾਵੇਗਾ । ਸਮੂਹ ਕਲੱਸਟਰ ਮੁੱਖੀ ਆਪਣੇ ਤੇ ਆਪਣੇ ਅਧੀਨ ਸਕੂਲ ਮੁੱਖੀਆਂ ਨੂੰ ਇਸ ਪ੍ਰੀਖਿਆ 'ਚ ਵਿਦਿਆਰਥੀਆਂ ਦੀ ਰਜ਼ਿਸਟ੍ਰੇਸ਼ਨ parakhmansa2@gmail.com 'ਤੇ 9 ਦਸੰਬਰ ਤੱਕ ਭੇਜਣ ਲਈ ਪ੍ਰੇਰਿਤ ਕਰਨ।

ਪ੍ਰੋਗਰਾਮ ਸੰਬੰਧੀ ਕਿਸੇ ਪ੍ਰਕਾਰ ਦੀ ਜਾਣਕਾਰੀ ਲਈ ਅਧਿਆਪਕ ਸਾਹਿਬਾਨ ਨਿਮਨ ਨੰਬਰਾਂ 'ਤੇ ਸੰਪਰਕ ਕਰ ਸਕਦੇ ਹਨ-

ਪ੍ਰੋਗਰਾਮ ਕੋਆਂਰਡੀਨੇਟਰ ਸ੍ਰੀ ਬਲਜਿੰਦਰ ਜੌੜਕੀਆਂ (94630-24575) ਅਤੇ ਮੈਨੇਜਰ- ਲੋਕ ਸੇਵਾ ਵਿਭਾਗ, ਤਲਵੰਡੀ ਸਾਬੋ ਪਾਵਰ ਲਿਮਿਟਡ, ਵਿਸ਼ਾਲ ਅਗਰਵਾਲ 81466-28259

ਜ਼ਿਲ੍ਹਾ ਸਿੱਖਿਆ ਅਫਸਰ(ਸੈ. ਸਿ.)

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ ਸਿ:)

ਮਾਨਸਾ

Scanned by CamScanner